# ਅਰਲੀ ਫਰੈਂਚ ਇਮਰਸ਼ਨ

tdsb FSL

## ਅਰਲੀ ਫਰੈਂਚ ਇਮਰਸ਼ਨ ਕੀ ਹੈ?

ਅਰਲੀ ਫਰੈਂਚ ਇਮਰਸ਼ਨ ਦੂਸਰੀ ਭਾਸ਼ਾ ਦੀ ਤਰ੍ਹਾਂ ਫਰੈਂਚ ਦਾ ਗਹਿਨ ਪ੍ਰੋਗਰਾਮ ਹੈ ਜਿਹੜਾ ਕਿੰਡਰਗਾਰਟਨ ਵਿੱਚ ਸ਼ੁਰੂ ਹੁੰਦਾ ਹੈ ਅਤੇ ਗ੍ਰੇਡ 12 ਤੱਕ ਜਾਰੀ ਰਹਿੰਦਾ ਹੈ। ਗ੍ਰੇਡ JK ਤੋਂ 3 ਵਿੱਚ ਕਲਾਸ ਦੀਆਂ ਸਾਰੀਆਂ ਗਤੀਵਿਧੀਆਂ ਫਰੈਂਚ ਵਿੱਚ ਸੰਚਾਲਿਤ ਕੀਤੀਆਂ ਜਾਂਦੀਆਂ ਹਨ। ਕੋਈ ਵਿਸ਼ੇਸ਼ ਵਿਸ਼ਾ (ਉਦਾਹਰਣ ਲਈ, ਸਿਹਤ ਅਤੇ ਸਰੀਰਕ ਸਿੱਖਿਆ) ਅੰਗਰੇਜ਼ੀ ਵਿੱਚ ਪੜ੍ਹਾਇਆ ਜਾ ਸਕਦਾ ਹੈ। ਗ੍ਰੇਡ 4-8 ਵਿੱਚ, 50% ਪ੍ਰੋਗਰਾਮ ਫਰੈਂਚ ਵਿੱਚ ਅਤੇ 50% ਅੰਗਰੇਜ਼ੀ ਵਿੱਚ ਪੜ੍ਹਾਇਆ ਜਾਵੇਗਾ।

**ਕੌਣ ਅਪਲਾਈ ਕਰ ਸਕਦਾ ਹੈ?**

ਕੇਵਲ ਸਤੰਬਰ 2022 ਲਈ, ***ਜੂਨੀਅਰ ਕਿੰਡਰਗਾਰਟਨ*** ਜਾਂ ***ਸੀਨੀਅਰ ਕਿੰਡਰਗਾਰਟਨ*** ਵਿੱਚ ਪ੍ਰਵੇਸ਼ ਕਰਨ ਵਾਲੇ ਬੱਚੇ ਹੀ ਅਰਲੀ ਫਰੈਂਚ ਇਮਰਸ਼ਨ ਵਾਸਤੇ ਅਪਲਾਈ ਕਰਨ ਲਈ ਯੋਗ ਹਨ।

ਸਤੰਬਰ 2023 ਵਲ ਅਗੇ ਦੇਖਦੇ ਹੋਏ, ਅਰਲੀ ਫਰੈਂਚ ਇਮਰਸ਼ਨ ਵਿੱਚ ਪ੍ਰਵੇਸ਼ ਲਈ ਇਕੱਲਾ ਪੁਆਇੰਟ ਜੂਨੀਅਰ ਕਿੰਡਰਗਾਰਟਨ ਹੋਵੇਗਾ।

## ਅਰਲੀ ਫਰੈਂਚ ਇਮਰਸ਼ਨ ਕਿਸ ਦੇ ਲਈ ਹੈ?

✓ ਉਨ੍ਹਾਂ ਪਰਿਵਾਰਾਂ ਲਈ ਬਣਾਇਆ ਗਿਆ ਜਿਹੜੇ ਘਰ ਵਿੱਚ ਫਰੈਂਚ ਤੋਂ ਇਲਾਵਾ ਦੂਸਰੀ ਭਾਸ਼ਾ ਬੋਲਦੇ ਹਨ।

✓ ਅਸੀਂ ਦ੍ਰਿੜਤਾ ਨਾਲ ਮੰਨਦੇ ਹਾਂ ਕਿ ਸਾਰੇ ਵਿਦਿਆਰਥੀ ਦੂਸਰੀ ਭਾਸ਼ਾ ਸਿੱਖਣ ਦੇ ਕਾਬਲ ਹਨ ਇਸ ਕਰਕੇ ਸਿੱਖਣ ਦੀਆਂ ਸਾਰੀਆਂ ਸ਼ੈਲੀਆਂ ਅਤੇ ਭਾਸ਼ਾ ਪਿਛੋਕੜਾਂ ਵਾਲੇ ਵਿਦਿਆਰਥੀਆਂ ਦਾ ਇਸ ਪ੍ਰੋਗਰਾਮ ਵਿੱਚ ਸਵਾਗਤ ਅਤੇ ਸਮਰਥਨ ਕੀਤਾ ਜਾਂਦਾ ਹੈ।

✓ ਅਰਲੀ ਫਰੈਂਚ ਇਮਰਸ਼ਨ ਪ੍ਰੋਗਰਾਮ ਉਨ੍ਹਾਂ ਸਾਰੇ ਪਰਿਵਾਰਾਂ ਦੇ ਲਈ ਅਨੁਕੂਲ ਹੈ ਜਿਹੜੇ ਫਰੈਂਚ ਵਿੱਚ ਮੁਹਾਰਤ ਵਿਕਸਤ ਕਰਨ ਦੇ ਮੌਕੇ ਵਿੱਚ ਰੁਚੀ ਰੱਖਦੇ ਹਨ।



## ਅਰਲੀ ਫਰੈਂਚ ਇਮਰਸ਼ਨ ਪ੍ਰੋਗਰਾਮ ਦੇ ਲਾਭ

ਅਰਲੀ ਫਰੈਂਚ ਇਮਰਸ਼ਨ ਪ੍ਰੋਗਰਾਮ ਕਿਸੇ ਵੀ ਭਾਸ਼ਾ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਫਰੈਂਚ ਵਿੱਚ ਮੁਹਾਰਤ ਦਾ ਉੱਚ ਸਤਰ ਵਿਕਸਤ ਕਰਨ ਦਿੰਦਾ ਹੈ। ਇਸ ਢੰਗ ਨਾਲ ਦੂਸਰੀ ਭਾਸ਼ਾ ਪੜ੍ਹਨਾ ਕਈ ਸਾਰੇ ਹੋਰ ਲਾਭ ਵੀ ਪੇਸ਼ ਕਰਦਾ ਹੈ, ਜਿਸ ਵਿੱਚ ਸ਼ਾਮਲ ਹਨ:

✓ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨ ਨੇ ਪ੍ਰਧਾਨ ਭਾਸ਼ਾ ਵਿੱਚ ਵਿਦਿਆਰਥੀਆਂ ਦੇ ਹੁਨਰਾਂ ਨੂੰ ਵਧਾਉਣ ਨੂੰ ਸਾਬਤ ਕੀਤਾ ਹੈ।

✓ ਭਾਸ਼ਾ ਸਿੱਖਣਾ ਹੋਰ ਬੌਧਿਕ ਲਾਭ ਪੇਸ਼ ਕਰਦਾ ਹੈ ਜਿਵੇਂ ਕਿ ਸੋਚਣ ਅਤੇ ਸਿੱਖਣ ਦੇ ਬਹੁਤ ਵਿਕਸਤ ਹੁਨਰ ਜਿਹੜੇ ਵਿਦਿਆਰਥੀ ਉਨ੍ਹਾਂ ਦੀ ਪੜ੍ਹਾਈ ਦੇ ਸਾਰੇ ਖੇਤਰਾਂ ਵਿੱਚ ਲਾਗੂ ਕਰਦੇ ਹਨ।

✓ ਇੱਕ ਤੋਂ ਵੱਧ ਭਾਸ਼ਾ ਵਿੱਚ ਮੁਹਾਰਤ ਭਵਿੱਖ ਵਿੱਚ ਵਿਦਿਆਰਥੀਆਂ ਵਾਸਤੇ ਅਵਸਰਾਂ ਦੇ ਦਰਵਾਜ਼ੇ ਖੋਲ੍ਹਦੀ ਹੈ ਅਤੇ ਵੱਖ ਵੱਖ ਸਭਿਆਚਾਰਾਂ ਅਤੇ ਪਛਾਣਾਂ ਸੰਬੰਧੀ ਜਾਗਰੂਕਤਾ ਨੂੰ ਵਧਾਉਂਦੀ ਹੈ।

✓ ਦੋਭਾਸ਼ੀ ਵਿਦਿਆਰਥੀ ਸਮੁੱਚੇ ਤੌਰ ਤੇ ਸੰਚਾਰ ਦੇ ਮਜ਼ਬੂਤ ਹੁਨਰ ਵਿਕਸਤ ਕਰਦੇ ਹਨ ਅਤੇ ਜ਼ਿਆਦਾ ਆਸਾਨੀ ਨਾਲ ਅਤਿਰਿਕਤ ਭਾਸ਼ਾਵਾਂ ਸਿੱਖ ਸਕਦੇ ਹਨ।

## ਐਪਲੀਕੇਸ਼ਨ ਜਾਣਕਾਰੀ

ਅਰਲੀ ਫਰੈਂਚ ਇਮਰਸ਼ਨ ਪ੍ਰੋਗਰਾਮ ਅਤੇ ਐਪਲੀਕੇਸ਼ਨ ਪ੍ਰਕਿਰਿਆ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ [www.tdsb.on.ca/French](http://www.tdsb.on.ca/French) 'ਤੇ ਜਾਓ।

ਇਸ ਵੇਲੇ, ਅਰਲੀ ਫਰੈਂਚ ਇਮਰਸ਼ਨ ਪ੍ਰੋਗਰਾਮ ਲਈ ਐਪਲੀਕੇਸ਼ਨ ਵਿੰਡੋ ਹਰ ਸਾਲ **ਨਵੰਬਰ** ਵਿੱਚ ਹੁੰਦੀ ਹੈ। ਕਿਸੇ ਵੀ ਦਿੱਤੇ ਗਏ ਸਾਲ ਲਈ ਐਪਲੀਕੇਸ਼ਨ ਦੀਆਂ ਅੰਤਮ ਮਿਤੀਆਂ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਸਤੰਬਰ ਦੀ ਸ਼ੁਰੂਆਤ ਵਿੱਚ ਵੈੱਬਸਾਈਟ ਦੇਖੋ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਹਾਲਾਂਕਿ ਸਾਰੇ ਯੋਗ ਸਮੇਂ-ਸਿਰ ਆਵੇਦਕਾਂ ਲਈ ਪ੍ਰੋਗਰਾਮ ਵਿੱਚ ਪਲੇਸਮੈਂਟ ਦੀ ਗਰੰਟੀ ਦਿੱਤੀ ਜਾਂਦੀ ਹੈ, ਕਿਸੇ ਖਾਸ ਸਕੂਲ ਵਿੱਚ ਪਲੇਸਮੈਂਟ ਦੀ ਗਰੰਟੀ **ਨਹੀਂ** ਹੈ।

**www.tdsb.on.ca/French**